**Lang. Code : 15**

इस पुस्तिका में **20** पृष्ठ हैं ।
This booklet contains **20** pages.

# TAJ 19-I

**प्रश्न-पत्र I / PAPER I**
**पंजाबी भाषा परिशिष्ट**
**Punjabi Language Supplement**
**भाग IV & V / PART IV & V**

**परीक्षा पुस्तिका संकेत**
**Test Booklet Code**

**P**

**परीक्षा पुस्तिका संख्या**
**Test Booklet No.**

**इस परीक्षा पुस्तिका को तब तक न खोलें जब तक कहा न जाए ।**
**Do not open this Test Booklet until you are asked to do so.**
**इस परीक्षा पुस्तिका के पिछले आवरण (पृष्ठ 19 व 20) पर दिए निर्देशों को ध्यान से पढ़ें ।**
**Read carefully the Instructions on the Back Cover (Page 19 & 20) of this Test Booklet.**

**पंजाबी में निर्देशों के लिए इस पुस्तिका का पृष्ठ 2 देखें । / For instructions in Punjabi see Page 2 of this Booklet.**

## परीक्षार्थियों के लिए निर्देश

1. यह पुस्तिका मुख्य परीक्षा पुस्तिका की एक परिशिष्ट है, उन परीक्षार्थियों के लिए जो **या** तो भाग IV (भाषा I) **या** भाग V (भाषा II) **पंजाबी** भाषा में देना चाहते हैं, लेकिन **दोनों नहीं** ।
2. परीक्षार्थी भाग I, II, III के उत्तर मुख्य परीक्षा पुस्तिका से दें और भाग IV व V के उत्तर उनके द्वारा चुनी भाषाओं से ।
3. अंग्रेज़ी व हिन्दी भाषा पर प्रश्न मुख्य परीक्षा पुस्तिका में भाग IV व भाग V के अन्तर्गत दिए गए हैं । भाषा परिशिष्टों को आप अलग से माँग सकते हैं ।
4. इस पृष्ठ पर विवरण अंकित करने एवं उत्तर पत्र पर निशान लगाने के लिए **केवल काले/नीले बॉल पॉइंट पेन** का प्रयोग करें ।
5. इस भाषा पुस्तिका का **संकेत** है **P** । यह सुनिश्चित कर लें कि इस भाषा परिशिष्ट पुस्तिका का संकेत, उत्तर पत्र के **पृष्ठ**-2 एवं मुख्य परीक्षा पुस्तिका पर छपे संकेत से मिलता है । अगर यह भिन्न हो, तो परीक्षार्थी दूसरी भाषा परिशिष्ट परीक्षा पुस्तिका लेने के लिए निरीक्षक को तुरन्त अवगत कराएँ ।
6. इस परीक्षा पुस्तिका में **दो** भाग IV और V हैं, जिनमें **60** वस्तुनिष्ठ प्रश्न हैं, जो प्रत्येक 1 अंक का है :
   भाग-IV : भाषा I - (पंजाबी) (प्र. 91 से प्र. 120)
   भाग-V : भाषा II - (पंजाबी) (प्र. 121 से प्र. 150)
7. भाग-IV में भाषा-I के लिए 30 प्रश्न और भाग-V में भाषा-II के लिए 30 प्रश्न दिए गए हैं । इस परीक्षा पुस्तिका में केवल पंजाबी भाषा से संबंधित प्रश्न दिए गए हैं । **यदि भाषा-I और/या भाषा-II में आपके द्वारा चुनी गई भाषा(एँ) पंजाबी के अलावा है तो कृपया उस भाषा वाली परीक्षा पुस्तिका माँग लीजिए । जिन भाषाओं के प्रश्नों के उत्तर आप दे रहे हैं वह आवेदन पत्र में चुनी गई भाषाओं से अवश्य मेल खानी चाहिए ।**
8. **परीक्षार्थी भाग-V (भाषा-II) के लिए, भाषा सूची से ऐसी भाषा चुनें जो उनके द्वारा भाषा I (भाग-IV) में चुनी गई भाषा से भिन्न हो ।**
9. रफ कार्य परीक्षा पुस्तिका में इस प्रयोजन के लिए दी गई खाली जगह पर ही करें ।
10. सभी उत्तर केवल OMR उत्तर पत्र पर ही अंकित करें । अपने उत्तर ध्यानपूर्वक अंकित करें । उत्तर बदलने हेतु श्वेत रंजक का प्रयोग निषिद्ध है ।

## *INSTRUCTIONS FOR CANDIDATES*

1. This booklet is a supplement to the Main Test Booklet for those candidates who wish to answer **EITHER** Part IV (Language I) **OR** Part V (Language II) in **PUNJABI** language, but **NOT BOTH**.
2. Candidates are required to answer Parts I, II, III from the Main Test Booklet and Parts IV and V from the languages chosen by them.
3. Questions on English and Hindi languages for Part IV and Part V have been given in the Main Test Booklet. Language Supplements can be asked for separately.
4. Use **Black/Blue Ball Point Pen only** for writing particulars on this page / marking responses in the Answer Sheet.
5. The CODE for this Language Booklet is **P**. Make sure that the CODE printed on **Side-2** of the Answer Sheet and on your Main Test Booklet is the same as that on this Language Supplement Test Booklet. In case of discrepancy, the candidate should immediately report the matter to the Invigilator for replacement of the Language Supplement Test Booklet.
6. This Test Booklet has **two** Parts, IV and V, consisting of **60** Objective Type Questions, each carrying 1 mark :
   Part-IV : Language I - (Punjabi) (Q. 91 to Q. 120)
   Part-V : Language II - (Punjabi) (Q. 121 to Q. 150)
7. Part-IV contains 30 questions for Language-I and Part-V contains 30 questions for Language-II. In this Test Booklet, only questions pertaining to Punjabi language have been given. **In case the language/s you have opted for as Language-I and/or Language-II is a Language other than Punjabi, please ask for a Test Booklet that contains questions on that language. The language being answered must tally with the languages opted for in your Application Form.**
8. **Candidates are required to attempt questions in Part -V (Language-II) in a language other than the one chosen as Language-I (in Part-IV) from the list of languages.**
9. Rough work should be done only in the space provided in the Test Booklet for the same.
10. The answers are to be recorded on the OMR Answer Sheet only. Mark your responses carefully. No whitener is allowed for changing answers.

परीक्षार्थी का नाम (बड़े अक्षरों में) : ______
Name of the Candidate (in Capitals) :
अनुक्रमांक : (अंकों में) ______
Roll Number : in figures
: (शब्दों में) ______
: in words
परीक्षा केन्द्र (बड़े अक्षरों में) : ______
Centre of Examination (in Capitals) :
परीक्षार्थी के हस्ताक्षर : ______ निरीक्षक के हस्ताक्षर : ______
Candidate's Signature : Invigilator's Signature :
Facsimile signature stamp of
Centre Superintendent ______

**P**

**Lang. Code : 15**

# TAJ 19-I

ਪਰੀਖਿਆ ਪੁਸਤਿਕਾ ਸੰਕੇਤ

**P**

ਇਸ ਪੁਸਤਿਕਾ ਵਿੱਚ 20 ਪੰਨੇ ਹਨ ।

## ਪੇਪਰ I
## ਪੰਜਾਬੀ ਭਾਸ਼ਾ ਪੂਰਕ
## ਭਾਗ IV & V

**ਇਸ ਪਰੀਖਿਆ-ਪੁਸਤਿਕਾ ਨੂੰ ਉਦੋਂ ਤੱਕ ਨਾ ਖੋਲ੍ਹੋ ਜਦੋਂ ਤੱਕ ਕਿਹਾ ਨਾ ਜਾਵੇ ।**

**ਇਸ ਪਰੀਖਿਆ-ਪੁਸਤਿਕਾ ਦੇ ਪਿੱਛਲੇ ਪੰਨੇ (19 & 20) 'ਤੇ ਦਿੱਤੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ।**

**ਪਰੀਖਿਆਰਥੀਆਂ ਲਈ ਨਿਰਦੇਸ਼ :**

1. ਇਹ ਪੁਸਤਿਕਾ ਮੁੱਖ ਪ੍ਰਸ਼ਨ-ਪੁਸਤਿਕਾ ਦੀ ਇੱਕ ਪੂਰਕ ਹੈ, ਉਨ੍ਹਾਂ ਵਿਦਿਆਰਥੀਆਂ ਲਈ ਜੋ **ਜਾਂ** ਤਾਂ ਭਾਗ IV (ਭਾਸ਼ਾ I) **ਜਾਂ** ਭਾਗ V (ਭਾਸ਼ਾ II) **ਪੰਜਾਬੀ** ਭਾਸ਼ਾ ਵਿੱਚ ਦੇਣਾ ਚਾਹੁੰਦੇ ਹਨ ਪਰ **ਦੋਨਾਂ ਵਿੱਚ ਨਹੀਂ** ।
2. ਪਰੀਖਿਆਰਥੀ ਭਾਗ I, II, III ਦੇ ਉੱਤਰ ਮੁੱਖ ਪਰੀਖਿਆ-ਪੁਸਤਿਕਾ ਵਿੱਚੋਂ ਦੇਣ ਅਤੇ ਭਾਗ IV ਅਤੇ V ਦੇ ਉੱਤਰ ਉਨ੍ਹਾਂ ਦੁਆਰਾ ਚੁਣੀਆਂ ਭਾਸ਼ਾਵਾਂ ਵਿੱਚੋਂ ।
3. ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਉੱਤੇ ਦਿੱਤੇ ਪ੍ਰਸ਼ਨ ਮੁੱਖ ਪਰੀਖਿਆ-ਪੁਸਤਿਕਾ ਵਿੱਚ ਭਾਗ IV ਅਤੇ ਭਾਗ V ਵਿੱਚ ਦਿੱਤੇ ਗਏ ਹਨ । ਪੂਰਕ ਭਾਸ਼ਾ ਲਈ ਤੁਸੀਂ ਅਲਗ ਤੋਂ ਮੰਗ ਸਕਦੇ ਹੋਂ ।
4. ਇਸ ਪੰਨੇ ਉੱਤੇ ਵਿਵਰਨ ਦੇਣ ਲਈ ਅਤੇ ਉੱਤਰ-ਪੱਤਰ ਤੇ ਨਿਸ਼ਾਨ ਲਗਾਉਣ ਲਈ **ਕੇਵਲ ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਦਾ ਹੀ ਇਸਤੇਮਾਲ ਕਰੋ ।
5. ਇਸ ਭਾਸ਼ਾ-ਪੁਸਤਿਕਾ ਦਾ **ਸੰਕੇਤ** ਹੈ **P**. ਇਹ ਗੱਲ ਨਿਸ਼ਚਿਤ ਕਰ ਲਓ ਕਿ ਇਸ ਪੂਰਕ ਭਾਸ਼ਾ-ਪੁਸਤਿਕਾ ਦਾ ਸੰਕੇਤ, ਉੱਤਰ-ਪੱਤਰ ਦੇ **ਪੰਨਾ-2** ਅਤੇ ਮੁੱਖ ਪਰੀਖਿਆ-ਪੁਸਤਿਕਾ ਉੱਤੇ ਛਪੇ ਸੰਕੇਤ ਨਾਲ ਮਿਲਦਾ ਹੈ । ਜੇ ਕਿਤੇ ਕੋਈ ਫ਼ਰਕ ਹੈ ਤਾਂ ਪਰੀਖਿਆਰਥੀ ਪੂਰਕ-ਭਾਸ਼ਾ ਦੀ ਦੂਜੀ ਪਰੀਖਿਆ-ਪੁਸਤਿਕਾ ਲੈਣ ਲਈ ਤੁਰੰਤ ਨਿਰੀਖਿਅਕ ਨੂੰ ਸੂਚਿਤ ਕਰੋ ।
6. ਇਸ ਪਰੀਖਿਆ-ਪੁਸਤਿਕਾ ਵਿੱਚ **ਦੋ** ਭਾਗ IV ਅਤੇ V ਹਨ, ਜਿਸ ਵਿੱਚ **60** ਵਸਤੂਪਰਕ ਪ੍ਰਸ਼ਨ ਹਨ, ਹਰੇਕ ਲਈ 1 (ਇੱਕ) ਅੰਕ ਹੈ :
   ਭਾਗ IV : ਭਾਸ਼ਾ I – (ਪੰਜਾਬੀ) *(ਪ੍ਰ. 91 ਤੋਂ ਪ੍ਰ. 120)*
   ਭਾਗ V : ਭਾਸ਼ਾ II – (ਪੰਜਾਬੀ) *(ਪ੍ਰ. 121 ਤੋਂ ਪ੍ਰ. 150)*
7. ਭਾਗ IV ਵਿੱਚ ਭਾਸ਼ਾ I ਵਾਸਤੇ 30 ਪ੍ਰਸ਼ਨ ਅਤੇ ਭਾਗ V ਵਿੱਚ ਭਾਸ਼ਾ II ਲਈ ਵੀ 30 ਪ੍ਰਸ਼ਨ ਦਿੱਤੇ ਗਏ ਹਨ । ਇਸ ਪਰੀਖਿਆ-ਪੁਸਤਿਕਾ ਵਿੱਚ ਕੇਵਲ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਪ੍ਰਸ਼ਨ ਦਿੱਤੇ ਗਏ ਹਨ । **ਅਗਰ ਭਾਸ਼ਾ I ਅਤੇ/ਜਾਂ II ਵਿੱਚ ਤੁਹਾਡੇ ਦੁਆਰਾ ਚੁਣੀ ਗਈ ਭਾਸ਼ਾ (ਵਾਂ) ਪੰਜਾਬੀ ਤੋਂ ਇਲਾਵਾ ਹੈ ਤਾਂ ਕਿਰਪਾ ਕਰਕੇ ਆਪਣੀ ਚੁਣੀ ਭਾਸ਼ਾ ਵਾਲੀ ਪਰੀਖਿਆ-ਪੁਸਤਿਕਾ ਮੰਗ ਲਓ । ਜਿਨ੍ਹਾਂ ਭਾਸ਼ਾਵਾਂ ਦੇ ਪ੍ਰਸ਼ਨਾਂ ਦੇ ਉੱਤਰ ਤੁਸੀਂ ਦੇ ਰਹੇ ਹੋ, ਉਹ ਤੁਹਾਡੇ ਆਵੇਦਨ ਪੱਤਰ ਵਿੱਚ ਚੁਣੀਆਂ ਗਈਆਂ ਭਾਸ਼ਾਵਾਂ ਹੀ ਹੋਣੀਆਂ ਚਾਹੀਦੀਆਂ ਹਨ ।**
8. **ਪਰੀਖਿਆਰਥੀ ਭਾਗ V (ਭਾਸ਼ਾ II) ਲਈ, ਭਾਸ਼ਾ ਸੂਚੀ ਵਿੱਚੋਂ ਅਜਿਹੀ ਭਾਸ਼ਾ ਚੁਣੋ ਜੋ ਉਨ੍ਹਾਂ ਦੁਆਰਾ ਚੁਣੀ ਭਾਸ਼ਾ I (ਭਾਗ IV) ਵਿੱਚ ਚੁਣੀ ਗਈ ਭਾਸ਼ਾ ਤੋਂ ਵੱਖਰੀ ਹੋਵੇ ।**
9. ਪ੍ਰਸ਼ਨ-ਪੁਸਤਿਕਾ ਵਿੱਚ ਦਿੱਤੇ ਗਏ ਕੱਚੇ ਕੰਮ ਲਈ ਖਾਲੀ ਥਾਂ ਵਿੱਚ ਹੀ ਕੱਚਾ ਕੰਮ ਕਰੋ ।
10. ਸਾਰੇ ਉੱਤਰ ਕੇਵਲ ਓ.ਐੱਮ.ਆਰ. (OMR) ਉੱਤਰ ਪੱਤਰ ਉੱਤੇ ਹੀ ਕੀਤੇ ਜਾਣ । ਆਪਣੇ ਉੱਤਰਾਂ ਤੇ ਧਿਆਨ ਨਾਲ ਨਿਸ਼ਾਨ ਲਗਾਓ । ਉੱਤਰ ਬਦਲਣ ਲਈ ਸਫ਼ੇਦ ਸਿਆਹੀ ਦੀ ਵਰਤੋਂ ਵਰਜਿਤ ਹੈ ।

ਪਰੀਖਿਆਰਥੀ ਦਾ ਨਾਂ (ਵੱਡੇ ਅਖਰਾਂ ਵਿੱਚ) : ______________________

ਰੋਲ ਨੰਬਰ : ਅੰਕਾ ਵਿੱਚ ______________________

: ਸ਼ਬਦਾਂ ਵਿੱਚ ______________________

ਪਰੀਖਿਆ ਕੇਂਦਰ (ਵੱਡੇ ਅਖਰਾਂ ਵਿੱਚ) : ______________________

ਪਰੀਖਿਆਰਥੀ ਦੇ ਦਸਖ਼ਤ : ______________ ਨਿਰੀਖਿਅਕ ਦੇ ਦਸਖਤ : ______________

Facsimile signature stamp of
Centre Superintendent : ______________________

ਉਮੀਦਵਾਰ **ਭਾਗ-IV** ਦੇ ਪ੍ਰਸ਼ਨ **(ਪ੍ਰ.ਨੰ. 91-120)** ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ-I** ਚੋਣ ਕੀਤੀ ਹੈ ।

Candidates should attempt the questions from **Part-IV [Q. No. 91 – 120],** if they have opted **PUNJABI** as **LANGUAGE – I** only.

# ਭਾਗ – IV

## ਭਾਸ਼ਾ – I

## ਪੰਜਾਬੀ

**ਉਮੀਦਵਾਰ ਭਾਗ-IV ਦੇ ਪ੍ਰਸ਼ਨ (ਪ੍ਰ.ਨੰ. 91-120) ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ ਪੰਜਾਬੀ ਭਾਸ਼ਾ-I ਚੋਣ ਕੀਤੀ ਹੈ ।**

ਨਿਰਦੇਸ਼ : ਹੇਠਾਂ ਦਿੱਤੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸ ਹੇਠਾਂ ਦਿੱਤੇ ਪ੍ਰਸ਼ਨਾ (ਪ੍ਰ.ਨੰ. 91 ਤੋਂ 99) ਤੱਕ ਦੇ ਢੁਕਵੇਂ ਵਿਕਲਪਾਂ ਨਾਲ ਉੱਤਰ ਦਿਉ ।

ਅੱਜ–ਕੱਲ੍ਹ ਦੀ ਜ਼ਿੰਦਗੀ ਇਕ ਹੁੱਲੜ ਹੈ, ਇਸ ਵਿਚ ਵਿਹਲ ਕਿੱਥੇ ਤੇ ਵਿਹਲੀਆਂ ਗੱਲਾਂ ਦਾ ਮੌਕਾ ਕਿੱਥੇ ? ਫਿਰ ਸਿਆਣੇ, ਧਾਰਮਿਕ ਲਿਖਾਰੀ, ਸਮਾਜਿਕ ਆਗੂ ਇਸ ਗੱਲ ਦੇ ਵਿਰੁੱਧ ਹਨ ਕਿ ਕੋਈ ਸਮਾਂ ਗੱਪਾਂ ਵਿਚ ਬਿਤਾਇਆ ਜਾਏ । ਕਹਿੰਦੇ ਨੇ ਜਿੱਥੇ ਅਸਾਂ ਆਪਣੇ ਹਰ ਕਰਮ ਦਾ ਜਵਾਬ ਦੇਣਾ ਹੈ, ਉੱਥੇ ਹਰ ਕਥਨ ਦਾ ਵੀ ਗਿਣ ਕੇ ਲੇਖਾ ਦੇਣਾ ਪਵੇਗਾ । ਇਸ ਲਈ ਹਰ ਇਕ ਆਦਮੀ ਨੂੰ ਜੀਭ ਨੂੰ ਲਗਾਮ ਪਾ ਕੇ ਰੱਖਣਾ ਚਾਹੀਦਾ ਹੈ । ਸਿਰਫ਼ ਲੋੜ ਪਏ 'ਤੇ ਮੂੰਹ ਖੋਲ੍ਹਣਾ ਚਾਹੀਦਾ ਹੈ । ਜਦ ਮਤਲਬ ਦੀ ਗੱਲ ਪੂਰੀ ਹੋ ਜਾਏ, ਤਾਂ ਝੱਟ ਜੰਦਾ ਲਾ ਕੇ ਚੁੱਪ ਵੱਟ ਲੈਣੀ ਚਾਹੀਦੀ ਹੈ । ਚੁੱਪ ਜਿਹੀ ਕੋਈ ਚੀਜ਼ ਨਹੀਂ । 'ਚੁੱਪ ਸੁਨਹਿਰੀ ਹੈ ਤੇ ਬੋਲ ਰੁਪਹਿਰੀ ।' ਕਈਆਂ ਨੇ ਤਾਂ ਚੁੱਪ ਦੇ ਮਜ਼ਮੂਨ ਉੱਤੇ ਕਿਤਾਬਾਂ ਲਿਖ ਮਾਰੀਆਂ ਹਨ । ਇਹ ਤਾਂ ਇਉਂ ਹੋਇਆ, ਜਿਵੇਂ ਕੋਈ ਅਰਾਮ ਢੂੰਡਣ ਲਈ ਸੌ ਕੋਹ ਪੈਂਡਾ ਮਾਰੇ, ਜਾਂ ਵਰਤਾਂ ਦੀ ਤਿਆਰੀ ਲਈ ਰੋਟੀਆਂ ਦਾ ਕੋਠਾ ਭਰ ਲਵੇ । ਚੁੱਪ ਦੇ ਇੰਨੇ ਗੁਣ ਗਾਏ ਹਨ ਕਿ ਹੁਣ ਹਰ ਇਕ ਸਿਆਣੇ ਆਦਮੀ ਨੂੰ ਚੁੱਪ ਦਾ ਅਭਿਆਸ ਕਰਨਾ ਪੈਂਦਾ ਹੈ । ਹਫ਼ਤੇ ਭਰ ਦੇ ਲੈਕਚਰਾਂ ਤੇ ਇੰਟਰਵਿਊਆਂ ਮਗਰੋਂ ਮਹਾਤਮਾ ਗਾਂਧੀ ਜੀ ਨੂੰ ਪ੍ਰਾਸਚਿਤ ਵਜੋਂ ਇਕ ਦਿਨ ਮੋਨ ਵਰਤ ਰੱਖਣਾ ਪੈਂਦਾ ਸੀ । ਜਿੰਨਾ ਕੋਈ ਆਦਮੀ ਧਰਮਾਤਮਾ ਜਾਂ ਉੱਚੀ ਸ਼ਾਨ ਵਾਲਾ ਹੁੰਦਾ ਹੈ, ਉੱਨਾ ਹੀ ਚੁੱਪ ਤੇ ਖੁੱਲ੍ਹੀਆਂ ਗੱਲਾਂ ਕਰਨ ਤੋਂ ਸੰਗਣ ਵਾਲਾ ਹੁੰਦਾ ਹੈ । ਉਸ ਨੂੰ ਹਰ ਵਕਤ ਖ਼ਤਰਾ ਰਹਿੰਦਾ ਹੈ ਕਿ ਮੇਰੀ ਗੱਲ ਤੋਂ ਕੋਈ ਗ਼ਲਤ ਫ਼ਾਇਦਾ ਨਾ ਉਠਾ ਲਵੇ ।

91. ਸਿਆਣੇ ਲੋਕ ਕਿਹੜੀ ਗੱਲ ਦਾ ਵਿਰੋਧ ਕਰਦੇ ਹਨ ?
   (1) ਭ੍ਰਿਸ਼ਟਾਚਾਰ ਦਾ
   (2) ਗੱਪਾਂ ਮਾਰ ਕੇ ਸਮਾਂ ਬਤਾਉਣ ਦਾ
   (3) ਸ਼ੁਭ ਕਰਮ ਕਰਨ ਦਾ
   (4) ਮੇਲ–ਮਿਲਾਪ ਦਾ

92. ਕਿਹੋ ਜਿਹੀ ਗੱਲ ਕਰਨੀ ਚਾਹੀਦੀ ਹੈ ?
   (1) ਗ਼ੈਰਵਾਜਬ
   (2) ਵਿਸਥਾਰ ਸਹਿਤ
   (3) ਕੇਵਲ ਮਤਲਬ ਦੀ
   (4) ਬੇਲੋੜੀ

93. ਧਰਮਾਤਮਾ ਜਾਂ ਉੱਚੀ ਸ਼ਾਨ ਵਾਲਾ ਵਿਅਕਤੀ ਕਿਸ ਤੋਂ ਸੰਕੋਚ ਕਰਦਾ ਹੈ ?
   (1) ਮੋਨ ਵਰਤ ਤੋਂ
   (2) ਖੁੱਲ੍ਹੀਆਂ ਗੱਲਾਂ ਕਰਨ ਤੋਂ
   (3) ਚੁਪ ਰਹਿਣ ਤੋਂ
   (4) ਸੱਚ ਬੋਲਣ ਤੋਂ

**94.** ਮਹਾਤਮਾ ਗਾਂਧੀ ਮੋਨ ਵਰਤ ਕਿਉਂ ਰੱਖਦੇ ਸਨ ?

(1) ਖੁੱਲ੍ਹੀਆਂ ਗੱਲਾਂ ਕਰਨ ਲਈ

(2) ਭਾਸ਼ਣ ਦੇਣ ਲਈ

(3) ਲੋਕਾਂ ਨਾਲ ਗੱਲਬਾਤ ਕਰਨ ਲਈ

(4) ਪ੍ਰਾਸਚਿਤ ਕਰਨ ਲਈ

**95.** 'ਚੁੱਪ ਸੁਨਹਿਰੀ ਤੇ ਬੋਲ ਰੁਪਹਿਰੀ' ਅਖਾਣ ਵਿਚ ਕਿਸ ਗੱਲ ਦੀ ਪ੍ਰਸੰਸਾ ਕੀਤੀ ਗਈ ਹੈ ?

(1) ਚੁੱਪ ਦੀ

(2) ਸੋਨੇ ਦੀ

(3) ਹੁਸਨ ਦੀ

(4) ਬੋਲ ਦੀ

**96.** ਆਪਣੇ ਕਰਮਾਂ ਦੇ ਨਾਲ ਨਾਲ ਕਥਨਾਂ ਦਾ ਵੀ ਲੇਖਾ ਦੇਣ ਦੀ ਗੱਲ ਕਿਸ ਨੇ ਕਹੀ ਹੈ ?

(1) ਮਹਾਤਮਾ ਗਾਂਧੀ ਨੇ

(2) ਗੁਰੂ ਸਾਹਿਬਾਨ ਨੇ

(3) ਸਿਆਣੇ ਲੋਕਾਂ ਨੇ

(4) ਡਾਕਟਰ ਨੇ

**97.** ਬਹੁਤਾ ਬੋਲਣ ਤੋਂ ਬਚਣ ਲਈ ਕੀ ਰਚਨਾ ਚਾਹੀਦਾ ਹੈ ?

(1) ਜੀਭ 'ਤੇ ਲਗਾਮ ਰੱਖਣੀ ਚਾਹੀਦੀ ਹੈ ।

(2) ਸੰਕੇਤ ਨਾਲ ਗੱਲ ਕਰਨੀ ਚਾਹੀਦੀ ਹੈ ।

(3) ਮੂੰਹ 'ਤੇ ਉਂਗਲ ਰੱਖਣੀ ਚਾਹੀਦੀ ਹੈ ।

(4) ਭਾਸ਼ਣ ਦੇਣਾ ਚਾਹੀਦਾ ਹੈ ।

**98.** ਅਜੋਕੀ ਜ਼ਿੰਦਗੀ ਕੀ ਹੈ ?

(1) ਸ਼ਾਂਤਮਈ

(2) ਆਰਾਮ ਪ੍ਰਸਤ

(3) ਹੁੱਲੜ

(4) ਕਰੁਣਾਮਈ

**99.** ਪੈਰੇ ਅਨੁਸਾਰ ਜ਼ਿੰਦਗੀ ਵਿਚ ਵਿਹਲੀਆਂ ਗੱਲਾਂ ਕਰਨ ਦਾ ਮੌਕਾ ਕਦੋਂ ਮਿਲਦਾ ਹੈ ?

(1) ਕਦੇ ਨਹੀਂ

(2) ਦਿਨ ਵੇਲੇ

(3) ਸ਼ਾਮ ਵੇਲੇ

(4) ਹਮੇਸ਼ਾਂ

ਹੇਠਾਂ ਦਿੱਤੀ ਕਾਵਿ–ਟੁੱਕੜੀ ਨੂੰ ਪੜ੍ਹ ਕੇ ਉਸ ਦੇ ਹੇਠਾਂ ਦਿੱਤੇ ਪ੍ਰਸ਼ਨਾਂ (ਪ੍ਰ.ਨੰ. **100** ਤੋਂ **105**) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ :

ਕੁੱਝ ਰੁੱਖ ਮੈਨੂੰ, ਪੁੱਤ ਲਗਦੇ ਨੇ

ਕੁਝ ਰੁੱਖ ਲਗਦੇ ਮਾਵਾਂ

ਕੁਝ ਰੁੱਖ ਨੂੰਹਾਂ ਧੀਆਂ ਲਗਦੇ

ਕੁਝ ਰੁੱਖ ਵਾਂਗ ਭਰਾਵਾਂ

ਕੁਝ ਰੁੱਖ ਮੇਰੇ ਬਾਬੇ ਵਾਕਣ

ਪੱਤਰ ਟਾਵਾਂ ਟਾਵਾਂ

ਕੁੱਝ ਰੁੱਖ ਮੇਰੀ ਦਾਦੀ ਵਰਗੇ

ਚੂਰੀ ਪਾਵਣ ਕਾਵਾਂ

ਕੁਝ ਰੁੱਖ ਯਾਰਾਂ ਵਰਗੇ ਲਗਦੇ

ਚੁੰਮਾਂ ਤੇ ਗਲ ਲਾਵਾਂ

ਇਕ ਮੇਰੀ ਮਹਿਬੂਬਾ ਵਾਕਣ

ਮਿਠਾ ਅਤੇ ਦੁਖਾਵਾਂ

ਕੁਝ ਰੁੱਖ ਮੇਰਾ ਦਿਲ ਕਰਦਾ ਏ

ਮੋਢੇ ਚੁੱਕ ਖਿਡਾਵਾਂ

**100.** ਇਸ ਕਵਿਤਾ ਵਿਚ ਕਿਹੜੀ ਵਿਧੀ ਵਰਤੀ ਗਈ ਹੈ ?

(1) ਦੁਹਰਾਅ ਦੀ

(2) ਇਕਹਿਰੀ

(3) ਬੀਰ–ਕਾਵਿ ਦੀ

(4) ਕਿੱਸੇ ਵਾਲੀ

**101.** ਉਪਰੋਕਤ ਕਾਵਿ–ਸਤਰਾਂ ਸ਼ਿਵ ਕੁਮਾਰ ਬਟਾਲਵੀ ਦੀ ਕਿਹੜੀ ਕਵਿਤਾ ਵਿਚੋਂ ਲਈਆਂ ਗਈਆਂ ਹਨ ?

(1) ਲੂਣਾ

(2) ਆਟੇ ਦੀਆਂ ਚਿੜੀਆਂ

(3) ਰੁੱਖ

(4) ਕੰਡਿਆਲੀ ਥੋਰ੍ਹ

**102.** 'ਟਾਵਾਂ ਟਾਵਾਂ' ਦਾ ਸਮਾਨਾਰਥੀ ਸ਼ਬਦ ਚੁਣੋ :

(1) ਬਹੁਤ ਜ਼ਿਆਦਾ

(2) ਕਈ ਸਾਰੇ

(3) ਬਹੁਤਾਤ

(4) ਕੋਈ–ਕੋਈ

**103.** ਕਵੀ ਮੋਢੇ ਚੁੱਕ ਕੇ ਕਿਸ ਨੂੰ ਖਿਡਾਉਣਾ ਚਾਹੁੰਦਾ ਹੈ ?

(1) ਦਾਦੀ ਨੂੰ

(2) ਰੁੱਖ ਨੂੰ

(3) ਭਰਾ ਨੂੰ

(4) ਮਹਿਬੂਬਾ ਨੂੰ

**104.** 'ਮਹਿਬੂਬਾ' ਸ਼ਬਦ ਦਾ ਪੁਲਿੰਗ ਬਣਾਉ :

(1) ਮਹਿਬੂਬਾ

(2) ਮਹਿਬੂਬਣ

(3) ਮਹਿਬੂਬਾਵਾਂ

(4) ਮਹਿਬੂਬੇ

**105.** ਕਵੀ–ਮਾਂ, ਪੁੱਤ, ਭਰਾ, ਬਾਬਾ, ਦਾਦੀ, ਯਾਰ, ਮਹਿਬੂਬਾ ਰਾਹੀਂ ਰੁੱਖਾਂ ਨਾਲ ਕੀ ਕਾਇਮ ਕਰਨਾ ਚਾਹੁੰਦਾ ਹੈ ?

(1) ਨਫ਼ਰਤ

(2) ਰਿਸ਼ਤਾ

(3) ਦੁਸ਼ਮਨੀ

(4) ਘਿਰਣਾ

**106.** ਪਹਿਲੀ ਜਮਾਤ ਦੀ ਭਾਸ਼ਾ ਦੀ ਇਕ ਪਾਠ–ਪੁਸਤਕ ਪੈਂਤੀ, ਦੋ ਅੱਖਰਾਂ ਵਾਲੇ ਸ਼ਬਦਾਂ ਅਤੇ ਤਿੰਨ ਅੱਖਰਾਂ ਵਾਲੇ ਸ਼ਬਦਾਂ ਵਿਚੋਂ ਹੁੰਦੀ ਹੋਈ ਕਹਾਣੀਆਂ ਤੇ ਕਵਿਤਾਵਾਂ ਤੱਕ ਪਹੁੰਚਦੀ ਹੈ । ਪਾਠ–ਪੁਸਤਕ ਵਿਚ ਕਿਹੜੀ ਪਹੁੰਚ ਅਪਣਾਈ ਗਈ ਹੈ ?

(1) ਹੇਠਾਂ ਤੋਂ ਉੱਪਰ ਵੱਲ ਦੀ ਪਹੁੰਚ

(2) ਉਪਰ ਤੋਂ ਹੇਠਾਂ ਵੱਲ ਦੀ ਪਹੁੰਚ

(3) ਅਨੁਸ਼ਾਸਨੀ ਪਹੁੰਚ

(4) ਪਾਠ–ਕ੍ਰਮ ਬਣਾਉਣ ਦੀ ਪਹੁੰਚ

**107.** ਪੜ੍ਹਤ ਵਿਚ ਵਿਘਣ **(Disorder)** ਹੈ –

(1) ਡਿਸਲੈਕਸੀਆ (Dyslexia)

(2) ਡਿਸਗਰਾਫ਼ੀਆ (Dysgraphia)

(3) ਡਿਸਕੈਲਕੁਲੀਆ (Dyscalculia)

(4) ਡਿਸਫ਼ੋਰੀਆ (Dysphoria)

**108.** ਇਕ ਅਧਿਆਪਕ ਨੂੰ ਭਾਸ਼ਾ ਦੀ ਜਮਾਤ ਵਿਚ ਲਿਖਾਈ ਦੀ ਸ਼ੁਰੂਆਤ ਕਰਦਿਆਂ ਚਾਹੀਦਾ ਹੈ ਕਿ ਉਹ –

(1) ਵਿਦਿਆਰਥੀਆਂ ਨੂੰ ਵਿਸ਼ੇ ਉਪਰ ਦਿਮਾਗ ਲਗਾ ਕੇ ਵਿਚਾਰ ਪੈਦਾ ਕਰਨ ਲਈ ਕਹੇ ।

(2) ਵਿਦਿਆਰਥੀਆਂ ਨੂੰ ਬਲੈਕਬੋਰਡ ਤੋਂ ਇਕ ਵਿਸ਼ੇ ਉਪਰ ਪੈਰਾ ਦੇਖ ਕੇ ਲਿਖਣ ਲਈ ਕਹੇ ।

(3) ਵਿਦਿਆਰਥੀਆਂ ਨੂੰ ਸਕੂਲ ਆਉਣ ਤੋਂ ਪਹਿਲਾਂ ਵੱਖੋ–ਵੱਖਰੇ ਪੈਰੇ ਪੜ੍ਹਨ ਲਈ ਕਹੇ ।

(4) ਵਿਦਿਆਰਥੀਆਂ ਨੂੰ ਸੁੰਦਰ ਲਿਖਾਈ ਲਿਖਣ ਲਈ ਕਹੇ ।

109. ਇਕ ਬੱਚਾ ਮੁੱਢਲੇ ਰੂਪ ਵਿਚ ਮਾਂ-ਬੋਲੀ ਗ੍ਰਹਿਣ ਕਰਦਾ ਹੈ _____

(1) ਸੁਣ ਕੇ

(2) ਬੋਲ ਕੇ

(3) ਲਿਖ ਕੇ

(4) ਇਕ ਰਸਮੀ ਸਿਖਲਾਈ ਦੇ ਰੂਪ ਵਿਚ

110. ਹੇਠ ਲਿਖਿਆਂ ਵਿਚੋਂ ਕਿਹੜਾ ਰਚਨਾਤਮਕ ਕੌਸ਼ਲ ਵਿਚ ਆਉਂਦਾ ਹੈ ?

(1) ਪੜ੍ਹਨਾ ਤੇ ਲਿਖਣਾ

(2) ਪੜ੍ਹਨਾ ਤੇ ਸੁਣਨਾ

(3) ਬੋਲਣਾ ਤੇ ਲਿਖਣਾ

(4) ਬੋਲਣਾ ਤੇ ਸੁਣਨਾ

111. ਤੀਜੀ ਜਮਾਤ ਦੀ ਅਧਿਆਪਿਕਾ ਕਰੁਨਾ ਇਕ ਕਵਿਤਾ ਪੜ੍ਹਾਉਣ ਮਗਰੋਂ ਜਮਾਤ ਨੂੰ ਕੁਝ ਅਭਿਆਸ ਲਈ ਦੇਣ ਦਾ ਫ਼ੈਸਲਾ ਕਰਦੀ ਹੈ । ਹੇਠ ਲਿਖਿਆਂ ਵਿਚੋਂ ਕਿਹੜਾ ਕਾਰਜ ਚੁਣਨਾ ਚਾਹੀਦਾ ਹੈ ਤਾ ਜੋ ਵਿਦਿਆਰਥੀ ਸਰਗਰਮੀ ਨਾਲ ਹਿੱਸਾ ਲੈ ਸਕਣ ?

(1) ਵਿਦਿਆਰਥੀਆਂ ਨੂੰ ਕਵਿਤਾ ਦੇ ਅਖੀਰ ਵਿਚ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖਣ ਲਈ ਕਹਿਣਾ ।

(2) ਵਿਦਿਆਰਥੀਆਂ ਨੂੰ ਸਮੂਹਾਂ ਵਿਚ ਕਵਿਤਾ ਉੱਪਰ ਆਪਣੀ ਵਿਆਖਿਆ ਕਰਨ ਲਈ ਕਹਿਣਾ ।

(3) ਵਿਦਿਆਰਥੀਆਂ ਨੂੰ ਕਹਿਣਾ ਕਿ ਉਹ ਕਵਿਤਾ ਦੀ ਹਰੇਕ ਸਤਰ ਯਾਦ ਕਰਨ ਕਿਉਂ ਜੋ ਇਹ ਪਾਠ-ਪੁਸਤਕ ਵਿਚ ਹੈ ।

(4) ਵਿਦਿਆਰਥੀਆਂ ਨੂੰ ਕਵਿਤਾ ਵਿਚੋਂ ਨਵੇਂ ਸ਼ਬਦ ਵਰਤ ਕੇ ਵਾਕ ਬਣਾਉਣ ਲਈ ਕਹੇ ।

112. ਭਾਸ਼ਾ ਗ੍ਰਹਿਣ ਕਰਨ ਲਈ ਹੇਠ ਲਿਖਿਆਂ ਵਿਚੋਂ ਕਿਹੜਾ ਠੀਕ ਹੈ ?

(1) ਬੱਚਿਆਂ ਕੋਲ ਭਾਸ਼ਾ ਗ੍ਰਹਿਣ ਕਰਨ ਲਈ ਅੰਦਰੂਨੀ ਸਮਰੱਥਾ ਨਹੀਂ ਹੁੰਦੀ ।

(2) ਬੱਚੇ ਉਸ ਸਮੇਂ ਭਾਸ਼ਾ ਸਿੱਖਦੇ ਹਨ ਜਦੋਂ ਉਹ ਸਕੂਲ ਆਉਂਦੇ ਹਨ ।

(3) ਹੇਰਕ ਬੱਚੇ ਅੰਦਰ ਭਾਸ਼ਾ ਗ੍ਰਹਿਣ ਕਰਨ ਦੀ ਸਮਰੱਥਾ ਹੁੰਦੀ ਹੈ ।

(4) ਬੱਚੇ ਵੱਖੋ-ਵੱਖਰੇ ਸਾਧਨਾ ਰਾਹੀ ਭਾਸ਼ਾ ਸਿੱਖਦੇ ਹਨ ।

113. ਹੇਠ ਲਿਖਿਆਂ ਵਿਚੋਂ ਕਿਹੜਾ ਭਾਸ਼ਾ ਦੀ ਸਿਖਲਾਈ ਲਈ ਬਹੁਤ ਮਹੱਤਵਪੂਰਨ ਹੈ ?

(1) ਅਧਿਐਨ-ਅਧਿਆਪਣ ਸਾਮੱਗਰੀ TLM ਦੀ ਵਰਤੋਂ

(2) ਸਮਾਜਕ ਆਦਾਨ-ਪ੍ਰਦਾਨ

(3) ਕਿਤਾਬਾਂ ਪੜ੍ਹਨਾ

(4) ਫ਼ਿਲਮਾਂ ਤੇ ਨਾਟਕ ਵੇਖਣੇ

114. ਇਕ ਅਧਿਆਏ ਵਿਚ ਤਸਵੀਰ ਜਾਂ ਚਿੱਤਰ ਦੀ ਵਰਤੋਂ ਕੀਤੀ ਜਾਂਦੀ ਹੈ ਕਿਉਂਕਿ _____

(1) ਪਾਠ-ਪੁਸਤਕ ਤੇ ਅਧਿਆਏ ਵਿਚ ਚਿਤਰ ਦੇਣੇ ਇਕ ਪ੍ਰਵਿਰਤੀ ਹੈ ।

(2) ਇਸ ਨਾਲ ਪਾਠ-ਪੁਸਤਕ ਆਕਰਸ਼ਕ ਬਣਦੀ ਹੈ ।

(3) ਇਸ ਨਾਲ ਕਲਪਿਤ ਸੰਕਲਪਾਂ ਨੂੰ ਸਮਝਣ ਵਿਚ ਮਦਦ ਮਿਲਦੀ ਹੈ ।

(4) ਅਧਿਆਏ ਲਿਖਣਾ ਮੁਸ਼ਕਿਲ ਹੈ ਜਦ ਕਿ ਚਿੱਤਰ ਵਾਹੁਣੇ ਆਸਾਨ ਹਨ ।

**115.** ਵਿਦਿਆਰਥੀਆਂ ਨੂੰ ਚੰਗਾ ਲੇਖਕ ਬਣਾਉਣ ਲਈ ਅਧਿਆਪਕ ਨੂੰ ਲਿਖਤ ਦੇ ਕਿਹੜੇ ਵਧੇਰੇ ਮਹੱਤਵਪੂਰਨ ਪੱਖ ਉੱਪਰ ਧਿਆਨ ਦੇਣਾ ਚਾਹੀਦਾ ਹੈ ?

(1) ਲਿਖਾਵਟ

(2) ਵਿਆਕਰਨ

(3) ਅਭਿਵਿਅਕਤੀ

(4) ਸ਼ਬਦਾਂ ਦੀ ਸੀਮਾ

**116.** ਡਿਸਲੈਕਸੀਆ (Dyslexia) ਕਿਸ ਨਾਲ ਸੰਬੰਧ ਹੈ ?

(1) ਮੈਂਟਲ ਡਿਸਆਰਡਰ

(2) ਬਿਹੇਵਰਅਲ ਡਿਸਆਰਡਰ

(3) ਮੈਥੇਮੈਟੀਕਲ ਡਿਸਆਰਡਰ

(4) ਰੀਡਿੰਗ ਡਿਸਆਰਡਰ

**117.** ਹੇਠ ਲਿਖਿਆਂ ਵਿਚੋਂ ਕਿਹੜਾ ਇਕ ਪਾਠ-ਪੁਸਤਕ ਪੜ੍ਹਨ ਸਮੇਂ ਵਧੇਰੇ ਮਹਤਵਪੂਰਨ ਹੈ ?

(1) ਸ਼ੁੱਧ ਉਚਾਰਨ ਨਾਲ ਪੜ੍ਹਨਾ

(2) ਸਾਰੇ ਵਿਸਰਾਮ ਚਿੰਨ੍ਹਾਂ ਦੀ ਠੀਕ ਵਰਤੋਂ ਕਰਨੀ

(3) ਪਾਠ-ਪੁਸਤਕ ਦੇ ਅਰਥ ਸਮਝਣਾ

(4) ਤੇਜ਼ ਪੜ੍ਹਨਾ

**118.** ਦੂਜੀ ਜਮਾਤ ਦੀ ਅਧਿਆਪਕਾ ਤਾਸ਼ਾ ਵਿਦਿਆਰਥੀਆਂ ਦੀ ਸ਼ਬਦਾਵਲੀ ਦੇ ਵਿਕਾਸ ਉੱਪਰ ਬਹੁਤ ਜ਼ੋਰ ਦਿੰਦੀ ਹੈ । ਹੇਠ ਲਿਖਿਆਂ ਵਿਚੋਂ ਕਿਹੜੀ ਸ਼ਬਦਾਵਲੀ ਦੇ ਵਿਕਾਸ ਲਈ ਬੇਹਤਰੀਨ ਯੋਜਨਾ ਹੈ ?

(1) ਇਕ ਨਵਾਂ ਅਧਿਆਏ ਪੜ੍ਹਨ ਤੋਂ ਪਹਿਲਾਂ ਵਿਦਿਆਰਥੀ ਸਾਰੇ ਨਵੇਂ ਸ਼ਬਦ ਯਾਦ ਕਰਨ ।

(2) ਦਿੱਤੇ ਗਏ ਸੰਦਰਭ ਵਿਚ ਵਿਦਿਆਰਥੀ ਨਵੇਂ ਸ਼ਬਦਾਂ ਦੇ ਅਰਥਾਂ ਦਾ ਅਨੁਮਾਨ ਲਾਉਣ ।

(3) ਵਿਦਿਆਰਥੀ ਹਰ ਨਵੇਂ ਤੇ ਮੁਸ਼ਕਿਲ ਸ਼ਬਦ ਲਈ ਸ਼ਬਦਕੋਸ਼ ਵੇਖਣ ।

(4) ਵਿਦਿਆਰਥੀ ਅਧਿਆਏ ਵਿਚਲੇ ਨਵੇਂ ਤੇ ਮੁਸ਼ਕਿਲ ਸ਼ਬਦਾਂ ਨੂੰ ਰੇਖਾਂਕਿਤ ਕਰਕੇ ਉਨ੍ਹਾਂ ਦੇ ਅਰਥ ਯਾਦ ਕਰਨ ।

**119.** ਦੂਜੀ ਜਮਾਤ ਦਾ ਅਧਿਆਪਕ ਜਮਾਤ ਨੂੰ ਸੰਕੇਤਾਂ ਤੇ ਹਾਵਾਂ-ਭਾਵਾਂ ਨਾਲ ਇਕ ਰੌਚਕ ਕਹਾਣੀ ਸੁਣਾ ਰਿਹਾ ਹੈ । ਇਸ ਨੂੰ ਖ਼ਤਮ ਕਰਨ ਮਗਰੋਂ ਉਹ ਕੁਝ ਵਿਦਿਆਰਥੀਆਂ ਨੂੰ ਆਪਣੇ ਸ਼ਬਦਾਂ ਵਿਚ ਉਹੀ ਕਹਾਣੀ ਸੁਣਾਉਣ ਲਈ ਕਹਿੰਦਾ ਹੈ । ਉਹ ਉਨ੍ਹਾਂ ਦਾ ਕਿਹੜਾ ਮੁਲਾਂਕਣ ਕਰਨਾ ਚਾਹੁੰਦਾ ਹੈ ?

(1) ਸੁਣਨ ਦੀ ਸੂਝ-ਬੂਝ ਦਾ

(2) ਬੋਲਣ ਦੀ ਸੂਝ-ਬੂਝ ਦਾ

(3) ਪੜ੍ਹਨ ਦੀ ਸੂਝ-ਬੂਝ ਦਾ

(4) ਲਿਖਣ ਦੀ ਸੂਝ-ਬੂਝ ਦਾ

**120.** ਜਮਾਤ ਵਿਚ ਪ੍ਰਕਾਸ਼ਣ ਦੀ ਬਹੁਤਾਤ ਜਾਂ ਅਮੀਰੀ ਤੋਂ ਭਾਵ ਹੈ :

(1) ਜਮਾਤ ਦੇ ਕਮਰੇ ਦੀਆਂ ਕੰਧਾਂ ਦਾ ਰੰਗੀਨ ਹੋਣਾ ।

(2) ਪੜ੍ਹਾਉਣ ਨਾਲ ਸੰਬੰਧਤ ਸਾਮੱਗਰੀ ਨੂੰ ਕੰਧਾਂ ਉੱਤੇ ਚਿਪਕਾਉਣਾ ।

(3) ਵੱਡੇ ਅੱਖਰਾਂ ਵਿਚ ਪੈਂਤੀ ਦੀ ਮੁਹਾਰਨੀ ਚਿਪਕਾਉਣੀ ।

(4) ਤਸਵੀਰਾਂ ਸਮੇਤ ਰੰਗੀਨ ਕਵਿਤਾਵਾਂ ਕੰਧਾਂ ਉੱਪਰ ਚਿਪਕਾਉਣੀਆਂ ।

ਉਮੀਦਵਾਰ **ਭਾਗ-V** (**ਪ੍ਰ.ਨੰ. 121-150)** ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ** ਨੂੰ **ਭਾਸ਼ਾ–II** ਵਜੋਂ ਚੁਣਿਆ ਹੈ ।

Candidates should attempt the questions from **Part-V [Q.No. 121 – 150],** if they have opted **PUNJABI** as **LANGUAGE – II** only.

# ਭਾਗ – V

## ਭਾਸ਼ਾ – II

## ਪੰਜਾਬੀ

**ਉਮੀਦਵਾਰ ਭਾਗ-V (ਪ੍ਰ.ਨੰ. 121-150) ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ ਪੰਜਾਬੀ ਨੂੰ ਭਾਸ਼ਾ-II ਵਜੋਂ ਚੁਣਿਆ ਹੈ ।**

**ਨਿਰਦੇਸ਼ :** ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (ਪ੍ਰ. ਨੰ. **121** ਤੋਂ **128**) ਤੱਕ ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ :

ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ । 'ਘਰ' ਤੋਂ ਭਾਵ ਉਹ ਥਾਂ ਹੈ, ਜਿੱਥੇ ਮਨੁੱਖ ਦਾ ਪਿਆਰ ਤੇ ਸਧਰਾਂ ਪਲਦੀਆਂ ਹਨ, ਜਿੱਥੇ ਬਾਲਪਨ ਵਿਚ ਮਾਂ, ਭੈਣ ਤੇ ਭਰਾ ਕੋਲੋਂ ਲਾਡ-ਪਿਆਰ ਲਿਆ ਹੁੰਦਾ ਹੈ, ਜਿੱਥੇ ਜਵਾਨੀ ਵਿਚ ਸਾਰੇ ਜਹਾਨ ਨੂੰ ਗਾਹ ਕੇ ਲਤਾੜ ਕੇ ਖੱਟੀ ਕਮਾਈ ਕਰ ਕੇ ਮੁੜ ਆਉਣ ਨੂੰ ਜੀ ਕਰਦਾ ਹੈ, ਜਿੱਥੇ ਬੁਢੇਪੇ ਵਿਚ ਬਹਿ ਕੇ ਸਾਰੇ ਜੀਵਨ ਦੇ ਝਮੇਲਿਆਂ ਤੋਂ ਮਿਲੀ ਵਿਹਲ ਨੂੰ ਅਰਾਮ ਨਾਲ ਕੱਟਣ ਵਿਚ ਇਉਂ ਸੁਆਦ ਆਉਂਦਾ ਹੈ, ਜਿਵੇਂ ਬਚਪਨ ਵਿਚ ਮਾਂ ਦੀ ਝੋਲੀ ਵਿਚ ਆਉਂਦਾ ਸੀ । ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖ਼ਸੀ ਰਹਿਣੀ ਦਾ ਕੇਂਦਰ ਹੁੰਦਾ ਸੀ ਉਸ ਦਾ ਆਚਰਨ ਬਣਾਉਣ ਵਿਚ ਜਿੱਥੇ ਸਮਾਜਿਕ ਤੇ ਮੁਲਕੀ ਆਲੇ-ਦੁਆਲੇ ਦਾ ਅਸਰ ਕੰਮ ਕਰਦਾ ਹੈ, ਉੱਥੇ ਘਰ ਦੀ ਚਾਰ-ਦਿਵਾਰੀ ਅਤੇ ਇਸ ਦੇ ਅੰਦਰ ਦੇ ਹਾਲਾਤ ਦਾ ਅਸਰ ਵੀ ਘੱਟ ਕੰਮ ਨਹੀਂ ਕਰਦਾ, ਸਗੋਂ ਮਨੁੱਖੀ ਆਚਰਨ ਬਣਦਾ ਹੀ ਘਰ ਵਿਚ ਹੈ । ਇਹੋ ਉਸ ਦੀਆਂ ਰੁਚੀਆਂ ਅਤੇ ਸੁਭਾਉ ਦਾ ਸਾਂਚਾ ਹੈ । ਕਈ ਵਾਰੀ ਜਦ ਮੈਂ ਕਿਸੇ ਸੱਜਣ ਨੂੰ ਕੌੜੇ, ਸੜੀਅ ਜਾਂ ਖਿਝੂ ਸੁਭਾਅ ਵਾਲਾ ਵੇਖਦਾ ਹਾਂ, ਤਾਂ ਮੈਂ ਦਿਲ ਵਿਚ ਕਹਿੰਦਾ ਹਾਂ, ਇਸ ਵਿਚਾਰੇ ਨੂੰ ਘਰ ਦਾ ਪਿਆਰ ਨਹੀਂ ਮਿਲਿਆ ਹੋਣਾ ।

**121.** ਬਚਪਨ, ਘਰ ਨਾਲ ਕਿਵੇਂ ਸੰਬੰਧਤ ਹੈ ?

(1) ਮਾਂ, ਭੈਣ ਤੇ ਭਰਾ ਕੋਲੋਂ ਪਿਆਰ ਲੈਣ ਨਾਲ

(2) ਛੋਟੇ ਬੱਚਿਆਂ ਨਾਲ ਖੇਡਣ ਨਾਲ

(3) ਸਕੂਲ ਜਾਣ ਨਾਲ

(4) ਮਾਂ-ਬਾਪ ਨਾਲ ਲੜਾਈ ਕਰਨ ਨਾਲ

**122.** 'ਖੱਟੀ ਕਮਾਈ' ਤੋਂ ਕੀ ਭਾਵ ਹੈ ?

(1) ਬੇਈਮਾਨੀ

(2) ਕਿਰਤ ਕਮਾਈ

(3) ਕਮਾਏ ਪੈਸਿਆਂ ਦਾ ਚੋਰੀ ਹੋ ਜਾਣਾ

(4) ਬੁਰਾ ਕੰਮ

**123.** ਘਰ ਦਾ ਪਿਆਰ ਨਾ ਮਿਲਣ ਵਾਲੇ ਦਾ ਸੁਭਾਅ ਕਿਹੋ ਜਿਹਾ ਹੋ ਜਾਂਦਾ ਹੈ ?

(1) ਮਿਲਣਸਾਰ

(2) ਸੜੀਅਲ

(3) ਮਖ਼ੌਲੀਆ

(4) ਹਸਮੁੱਖ

**124.** ਮਨੁੱਖ ਦਾ ਆਚਰਨ ਬਣਾਉਣ ਵਿਚ ਸਮਾਜਿਕ ਤੇ ਆਲੇ–ਦੁਆਲੇ ਤੋਂ ਇਲਾਵਾ ਹੋਰ ਕਿਹੜੀ ਚੀਜ਼ ਦਾ ਯੋਗਦਾਨ ਹੁੰਦਾ ਹੈ ?

(1) ਘਰ ਦਾ

(2) ਸੜੀਅਲ ਲੋਕਾਂ ਦਾ

(3) ਜਾਨਵਰਾਂ ਦਾ

(4) ਸਕੂਲ ਦਾ

**125.** ਜਵਾਨੀ ਵਿਚ ਖੱਟੀ–ਕਮਾਈ ਕਰਕੇ ਕਿੱਥੇ ਜਾਣ ਨੂੰ ਜੀਅ ਕਰਦਾ ਹੈ ?

(1) ਸ਼ਹਿਰ

(2) ਘਰ

(3) ਬਾਜ਼ਾਰ

(4) ਹੋਟਲ

**126.** ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਚੁਣੋ :

(1) ਬਾਲਪਨ

(2) ਮਨੁੱਖੀ ਸੁਭਾਅ

(3) ਮਨੁੱਖੀ ਸ਼ਖ਼ਸੀਅਤ

(4) ਘਰ ਦਾ ਪਿਆਰ

**127.** ਹੇਠ ਲਿਖਿਆਂ ਵਿਚੋਂ ਸਮਾਸੀ ਸ਼ਬਦ ਦੀ ਪਛਾਣ ਕਰੋ :

(1) ਚਾਰ–ਦਿਵਾਰੀ

(2) ਬਾਲ–ਪਨ

(3) ਘਰ ਦਾ ਪਿਆਰ

(4) ਪਿਆਰ ਤੇ ਸੱਧਰਾਂ

**128.** ਪੈਰੇ ਅਨੁਸਾਰ ਘਰ ਕਿਸ ਨੂੰ ਆਖਦੇ ਹਨ ?

(1) ਇੱਟਾਂ ਜਾਂ ਵੱਟਿਆਂ ਨਾਲ ਬਣੇ ਕੋਠੇ ਨੂੰ ।

(2) ਕੱਚੇ ਕੋਠੇ ਨੂੰ ।

(3) ਜਿੱਤੇ ਮਨੁੱਖ ਦਾ ਪਿਆਰ ਤੇ ਸੱਧਰਾਂ ਪਲਦੀਆਂ ਹਨ ।

(4) ਜਿੱਥੇ ਲੜਾਈ–ਝਗੜਾ ਹੁੰਦਾ ਹੈ ।

**ਨਿਰਦੇਸ਼ : ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (129 ਤੋਂ 135) ਤੱਕ ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ :**

ਪ੍ਰਦੂਸ਼ਣ ਹਵਾ ਰਾਹੀਂ, ਮੱਖੀਆਂ-ਮੱਛਰਾਂ ਰਾਹੀਂ, ਗੰਦੇ ਵਾਤਾਵਰਨ ਰਾਹੀਂ ਅਸ਼ੁੱਧ ਪਾਣੀ ਰਾਹੀਂ ਤੇ ਅਨੇਕਾਂ ਹੀ ਅਜਿਹੇ ਹੋਰ ਕਾਰਨਾਂ ਰਾਹੀਂ ਵਾਪਰਦਾ ਹੈ । ਬਹੁਤੀ ਵਾਰ ਗਲ਼ੀਆਂ-ਸੜੀਆਂ ਸਬਜ਼ੀਆਂ ਅਤੇ ਫਲ਼ਾਂ ਤੋਂ ਕੋਈ ਨਾਮੁਰਾਦ ਬਿਮਾਰੀ ਲੋਕਾਂ ਨੂੰ ਚੰਬੜਦੀ ਹੈ । ਪਿੰਡਾ-ਸ਼ਹਿਰਾਂ ਵਿੱਚ ਧੂੰਏਂ ਅਤੇ ਮਿੱਟੀ ਦੇ ਇੱਕ ਤਰ੍ਹਾਂ ਦੇ ਬੱਦਲ ਵਾਤਾਵਰਨ ਨੂੰ ਧੁੰਦਲਾ ਕਰੀ ਰੱਖਦੇ ਹਨ । ਇਹ ਧੂੰਆਂ ਮੋਟਰ-ਗੱਡੀਆਂ ਤੋਂ ਅਤੇ ਖੇਤਾਂ ਵਿੱਚ ਸਾੜੀ ਗਈ ਫ਼ਸਲ ਦੀ ਰਹਿੰਦ-ਖੂੰਹਦ ਤੋਂ ਪੈਦਾ ਹੁੰਦਾ ਹੈ । ਗ਼ੈਰ-ਯੋਜਨਾਬੱਧ ਢੰਗ ਨਾਲ ਲਾਈਆਂ ਸਨਅਤਾਂ 'ਚੋਂ ਨਿਕਲਦਾ ਧੂੰਆਂ ਲੋਕਾਂ ਦੇ ਫੇਫੜਿਆਂ ਵਿੱਚ ਘਾਤਕ ਬਿਮਾਰੀਆਂ ਪੈਦਾ ਕਰਨ ਦਾ ਕਾਰਨ ਬਣਦਾ ਹੈ । ਅੱਖਾਂ ਦੀ ਜੋਤ ਧੁੰਦਲੀ ਹੁੰਦੀ ਜਾਂਦੀ ਹੈ । ਜਿਥੋਂ ਤੱਕ ਧੂੜ ਦਾ ਸੰਬੰਧ ਹੈ, ਅਕਸਰ ਇਹ ਲੱਗਦਾ ਹੈ ਕਿ ਅਸੀਂ ਇਹਨਾਂ ਧੂੜ ਦੇ ਬੱਦਲਾਂ ਵਿੱਚ ਨਹਾ ਰਹੇ ਹਾਂ । ਅਜਿਹਾ ਲਗਾਤਾਰ ਵਾਪਰਦਾ ਹੈ । ਵਾਤਾਵਰਨ ਪੂਰੀ ਤਰ੍ਹਾਂ ਪ੍ਰਦੂਸ਼ਿਤ ਹੈ । ਕੂੜੇ ਅਤੇ ਹੋਰ ਗੰਦ-ਮੰਦ ਦੇ ਅੰਬਾਰ ਥਾਂ ਪੁਰ ਥਾਂ ਲੱਗੇ ਨਜ਼ਰ ਆਉਂਦੇ ਹਨ । ਅਜਿਹੇ ਨਰਕ ਵਿੱਚ ਅਸੀਂ ਜੀਅ ਰਹੇ ਹਾਂ । ਇੰਜ ਲਗਦਾ ਹੈ ਜਿਵੇਂ ਭਾਰਤ ਵਿੱਚ ਪੈਦਾ ਹੋਇਆ ਵਿਅਕਤੀ ਸਾਰੀ ਉਮਰ ਅਜਿਹਾ ਨਰਕ ਹੰਢਾਉਣ ਲਈ ਆਇਆ ਹੋਵੇ । ਕਿਸੇ ਤਰ੍ਹਾਂ ਦੀ ਕੋਈ ਚੇਤਨਾ ਨਾ ਤਾਂ ਸਮਾਜ ਵਿੱਚ ਇਸ ਪ੍ਰਤੀ ਦਿਖਾਈ ਦਿੰਦੀ ਹੈ, ਨਾ ਹੀ ਸਰਕਾਰਾਂ ਇਸ ਦੀ ਕੋਈ ਪਰਵਾਹ ਕਰਦੀਆਂ ਹਨ ।

**129.** ਫੇਫੜਿਆਂ ਦੀਆਂ ਘਾਤਕ ਬੀਮਰੀਆਂ ਲਈ ਕੌਣ ਜ਼ਿੰਮੇਵਾਰ ਹੈ ?

(1) ਮੱਖੀਆਂ ਮੱਛਰ

(2) ਸਨਅਤਾਂ ਵਿਚੋਂ ਨਿਕਲਦਾ ਧੂਆਂ

(3) ਸਵੱਛ ਭੋਜਨ

(4) ਚੰਗਾ ਵਾਤਾਵਰਨ

**130.** ਪੈਰੇ ਅਨੁਸਾਰ ਪਿੰਡਾਂ-ਸ਼ਹਿਰਾਂ ਵਿਚ ਵਾਤਾਵਰਨ ਦੇ ਧੁੰਦਲਾ ਹੋਣ ਦਾ ਕੀ ਕਾਰਨ ਹੈ ?

(1) ਤੰਗ ਗਲੀਆਂ

(2) ਉੱਚੀਆਂ ਇਮਾਰਤਾਂ

(3) ਸਾਫ-ਸੁੱਥਰੀ ਹਵਾ

(4) ਗਲੀਆਂ-ਸੜੀਆਂ ਸਬਜ਼ੀਆਂ ਅਤੇ ਫ਼ਲ

**131.** ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਚੁਣੋ :

(1) ਮੱਖੀਆਂ-ਮੱਛਰ

(2) ਗਲੀਆਂ-ਸੜੀਆਂ ਸਬਜ਼ੀਆਂ ਅਤੇ ਫ਼ਲ

(3) ਪ੍ਰਦੂਸ਼ਣ

(4) ਨਰਕ

**132.** ਪ੍ਰਦੂਸ਼ਣ ਪ੍ਰਤੀ ਕੌਣ ਚੇਤੰਨ ਨਹੀਂ ਹੈ ?

(1) ਸਮਾਜ ਅਤੇ ਸਰਕਾਰਾਂ

(2) ਪ੍ਰਦੂਸ਼ਣ ਅਧਿਕਾਰੀ

(3) ਮੱਖੀ-ਮੱਛਰ ਵਿਭਾਗ

(4) ਸਨਅਤਾਂ

**133.** ਹੇਠ ਲਿਖਿਆਂ ਵਿਚੋਂ ਕਿਹੜਾ ਸਮਾਸੀ ਸ਼ਬਦ ਨਹੀਂ ਹੈ ?

(1) ਬਹੁਤੀ–ਵਾਰ

(2) ਪਿੰਡਾਂ–ਸ਼ਹਿਰਾਂ

(3) ਗਲੀਆਂ–ਸੜੀਆਂ

(4) ਗੰਦ–ਮੰਦ

**134.** ਹੇਠ ਲਿਖਿਆਂ ਵਿਚੋਂ ਕਿਹੜਾ ਪ੍ਰਦੂਸ਼ਣ ਫੈਲਣ ਦਾ ਕਾਰਨ ਨਹੀਂ ਹੈ ?

(1) ਮੱਖੀਆਂ ਮੱਛਰ

(2) ਗੰਦਾ ਵਾਤਾਵਰਨ

(3) ਅਸ਼ੁੱਧ ਪਾਣੀ

(4) ਸਾਫ਼–ਸੁੱਥਰਾ ਵਾਤਾਵਰਨ

**135.** ਭਾਰਤ ਦਾ ਵਿਅਕਤੀ ਕਿਸ ਤਰ੍ਹਾਂ ਦੀ ਜ਼ਿੰਦਗੀ ਜਿਉਣ ਆਇਆ ਲੱਗਦਾ ਹੈ :

(1) ਨਰਕ ਬਾਲੀ

(2) ਸਾਫ਼–ਸੁੱਥਰੀ

(3) ਅਲੀਸ਼ਾਨ

(4) ਸਵੱਛਤਾ ਵਾਲੀ

**136.** ਇਕ ਅਧਿਆਪਕ ਚੌਥੀ ਜਮਾਤ ਦੇ ਵਿਦਿਆਰਥੀਆਂ ਨੂੰ ਇਕ ਵਿਸ਼ੇ ਉੱਪਰ ਖੁੱਲ੍ਹ ਕੇ ਲਿਖਣ ਲਈ ਪ੍ਰੇਰਤ ਕਰ ਸਕਦਾ ਹੈ, ਜੇਕਰ ਉਹ ਵਿਸ਼ਾ _____ ਨਾਲ ਸੰਬੰਧਤ ਹੋਵੇ

(1) ਸਮਾਜਕ ਮੁੱਦੇ

(2) ਰਾਸ਼ਟਰੀ ਏਕਤਾ

(3) ਨਿੱਜੀ ਜ਼ਿੰਦਗੀ

(4) ਵਾਤਾਵਰਣ ਸੰਬੰਧੀ ਮਸਲੇ

**137.** ਹੇਠ ਲਿਖਿਆਂ ਵਿਚੋਂ ਕਿਹੜਾ ਗੈਰ–ਰਸਮੀ ਢੰਗ ਕਿਸੇ ਭਾਸ਼ਾ ਦੀ ਸਿਖਲਾਈ ਵਿਚ ਸ਼ਾਮਲ ਹੈ ?

(1) ਭਾਸ਼ਾ ਲੈਬ

(2) ਘਰੇਲੂ ਵਾਤਾਵਰਨ

(3) ਭਾਸ਼ਾ ਸਿਖਲਾਈ ਕੇਂਦਰ

(4) ਸਕੂਲ

**138.** ਵਿਦਿਆਰਥੀਆਂ ਨੂੰ ਪਹਿਲਾਂ ਤੋਂ ਪੜ੍ਹੀ ਹੋਈ ਕਹਾਣੀ ਨੂੰ ਦੁਬਾਰਾ ਸੁਨਾਉਣ ਲਈ ਕਹਿਣ ਨਾਲ ਅਧਿਆਪਕ ਦੀ ਕਿਹੜੇ ਆਂਕਲਣ ਵਿਚ ਮਦਦ ਹੋਵੇਗੀ ?

(1) ਯਾਦਾਸ਼ਤ

(2) ਗ੍ਰਹਿਣ–ਸ਼ਕਤੀ

(3) ਉਚਾਰਨ

(4) ਸ਼ਬਦਜੋੜ

**139.** ਇਕ ਲਿਖਤ ਡਿਸਆਰਡਰ ਹੈ –

(1) ਡਿਸਲੈਕਸੀਆ

(2) ਡਿਸਗਰਾਫ਼ੀਆ

(3) ਡਿਸਕੈਲਕੁਲਾ

(4) ਡਿਸਫ਼ੋਰੀਆ

**140.** ਪੜ੍ਹਨਾ ਸਿਰਫ਼ ਲਿਖਤੀ ਪਾਠ ਦਾ ਉਚਾਰਨ ਹੀ ਨਹੀਂ ਬਲਕਿ ਇਸ ਦਾ ਹੋਰ ਵੀ ਮਹੱਤਵ ਹੈ –

(1) ਮਾਹਿਰ ਵਕਤਾ ਬਣਨ ਲਈ।

(2) ਪਾਠ ਦੇ ਅਰਥਾਂ ਦੀ ਸੂਝਬੂਝ ਲਈ।

(3) ਨਵੀਂ ਸ਼ਬਦਾਵਲੀ ਅਤੇ ਵਾਕ ਬਣਤਰ ਸਿੱਖਣ ਲਈ।

(4) ਨਵੇਂ ਸ਼ਬਦਾਂ ਦੇ ਉਚਾਰਨ ਦੀਆਂ ਮੁਸ਼ਕਿਲਾਂ ’ਤੇ ਕਾਬੂ ਪਾਉਣ ਲਈ।

**141.** ਪ੍ਰਾਇਮਰੀ ਜਮਾਤਾਂ ਦੇ ਬੱਚਿਆਂ ਨੂੰ ਉਨ੍ਹਾਂ ਦੀ ਮਾਂ–ਬੋਲੀ ਵਿਚ ਪੜ੍ਹਾਉਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ –

(1) ਉਨ੍ਹਾਂ ਦੀ ਖੇਤਰੀ ਭਾਸ਼ਾ / ਉਪਬੋਲੀ ਦਾ ਵਿਕਾਸ ਕਰਨ ਲਈ।

(2) ਕੁਦਰਤੀ ਮਹੌਲ ਪੈਦਾ ਕਰਨ ਲਈ

(3) ਕਿਉਂਕਿ ਬੱਚੇ ਕੋਈ ਵੀ ਭਾਸ਼ਾ ਨਹੀਂ ਸਮਝ ਸਕਦੇ

(4) ਉਨ੍ਹਾਂ ਵਿਚ ਸਿਰਜਨਾਤਮਕਤਾ ਪੈਦਾ ਕਰਨ ਲਈ

**142.** ਪਹਿਲੀ ਜਮਾਤ ਲਈ ਭਾਸ਼ਾ ਦੀ ਇਕ ਪਾਠ–ਪੁਸਤਕ ਕਵਿਤਾਵਾਂ ਅਤੇ ਕਹਾਣੀਆਂ ਤੋਂ ਸ਼ੁਰੂ ਹੋ ਕੇ ਪੈਂਤੀ ਤੱਕ ਪੁੱਜਦੀ ਹੈ। ਪਾਠ–ਪੁਸਤਕ ਲਈ ਕਿਹੜੀ ਪਹੁੰਚ ਅਪਣਾਈ ਗਈ ਹੈ।

(1) ਹੇਠਾਂ ਤੋਂ ਉੱਪਰ ਵੱਲ ਦੀ ਪਹੁੰਚ

(2) ਉੱਪਰ ਤੋਂ ਹੇਠਾਂ ਵੱਲ ਦੀ ਪਹੁੰਚ

(3) ਅਨੁਸ਼ਾਸਨੀ ਪਹੁੰਚ

(4) ਪਾਠਕ੍ਰਮ ਦੇ ਢਾਂਚੇ ਦੀ ਪਹੁੰਚ

**143.** ਹੇਠ ਲਿਖਿਆਂ ਵਿਚੋਂ ਕਿਹੜਾ ਕਥਨ ਠੀਕ ਹੈ ?

(1) ਪਹਿਲੀ ਜਮਾਤ ਵਿਚ ਬੱਚਾ ਅੰਗਰੇਜ਼ੀ ਬਿਲਕੁਲ ਨਹੀਂ ਜਾਣਦਾ।

(2) ਬੱਚੇ ਸਕੂਲ ਵਿਚ ਆਪਣੇ ਅਨੁਭਵ ਦੇ ਖ਼ਜ਼ਾਨੇ ਨਾਲ ਆਉਂਦੇ ਹਨ।

(3) ਬੱਚੇ ਜਦੋਂ ਸਕੂਲ ਆਉਂਦੇ ਹਨ ਤਾਂ ਉਹ ਇਕ ਕੋਰੀ ਸਲੇਟ ਵਾਂਗ ਹੁੰਦੇ ਹਨ।

(4) ਬੱਚਿਆਂ ਨੂੰ ਭਾਸ਼ਾ ਸ਼ਬਦਾਂ ਦੀ ਇਕ ਸੂਚੀ ਨੂੰ ਰੱਟਾ ਲਵਾ ਕੇ ਪੜ੍ਹਾਉਣੀ ਚਾਹੀਦੀ ਹੈ।

**144.** ਇਕ ਬੱਚਾ ਆਪਣੀ ਪਹਿਲੀ ਭਾਸ਼ਾ ਕੁਦਰਤੀ _____ ।

(1) ਸਿੱਖਦਾ ਹੈ

(2) ਨਕਲ ਕਰਦਾ ਹੈ

(3) ਗ੍ਰਹਿਣ ਕਰਦਾ ਹੈ

(4) ਦ੍ਰਿੜ ਕਰਦਾ ਹੈ

145. ਹੇਠ ਲਿਖਿਆਂ ਵਿਚੋਂ ਕਿਹੜਾ ਗ੍ਰਹਿਣ ਕਰਨ ਦੇ ਕੌਸ਼ਲ ਦਾ ਹਿੱਸਾ ਹੈ ?

(1) ਸੁਣਨਾ ਤੇ ਬੋਲਣਾ

(2) ਸੁਣਨਾ ਤੇ ਪੜ੍ਹਨਾ

(3) ਪੜ੍ਹਨਾ ਤੇ ਲਿਖਣਾ

(4) ਪੜ੍ਹਨਾ ਤੇ ਬੋਲਣਾ

146. ਇਕ ਅਧਿਆਪਕ ਵਿਸ਼ੇਸ਼ਣਾਂ ਦਾ ਵਿਆਖਿਆਨ ਕਰਦਾ ਹੋਇਆ ਵਿਦਿਆਰਥੀਆਂ ਨੂੰ ਉਨ੍ਹਾਂ ਦਾ ਘੱਟੋ-ਘੱਟ ਇਕ ਗੁਣ ਦੱਸਣ ਲਈ ਕਹਿੰਦਾ ਹੈ। ਫਿਰ ਉਸ ਦੀ ਪਰਿਭਾਸ਼ਾ ਦਿੰਦਾ ਹੈ। ਇਸ ਵਿਧੀ ਨੂੰ ਕੀ ਕਹਿੰਦੇ ਹਨ ?

(1) ਇਨਡਕਟਿਵ ਵਿਧੀ

(2) ਡੀਡਕਟਿ ਵਿਧੀ

(3) ਕੁੱਲ ਸਰੀਰਕ ਪ੍ਰਤੀਕਿਰਿਆ (TPR) ਵਿਧੀ

(4) ਇਮਰਸ਼ਨ ਵਿਧੀ

147. ਕਿਹੜੀ ਭਾਸ਼ਾ ਅਧਿਆਪਕ ਦੀ ਸਹਾਇਤਾ ਨਾਲ ਇਕ ਰਸਮੀ ਤਰੀਕੇ ਨਾਲ ਸਿੱਖੀ ਜਾਂਦੀ ਹੈ ?

(1) ਪਹਿਲੀ ਭਾਸ਼ਾ

(2) ਦੂਜੀ ਭਾਸ਼ਾ

(3) ਮਾਂ-ਬੋਲੀ

(4) ਘਰੇਲੂ ਭਾਸ਼ਾ

148. ਇਕ ਅਧਿਆਪਕ ਸਿਖਿਆਰਥੀਆਂ ਨੂੰ ਨਵੇਂ ਸ਼ਬਦ ਸਿਖਾਉਣ ਲਈ ਅਸਲੀ ਕਿਰਿਆਵਾਂ ਦੀ ਵਰਤੋਂ ਕਰਦਾ ਹੈ ਕਿਉਂਕਿ

(1) ਅਸੀਂ ਕੇਵਲ ਕਿਰਿਆਵਾਂ ਰਾਹੀਂ ਹੀ ਨਵੀਂ ਸ਼ਬਦਾਵਲੀ ਸਿਖਾ ਸਕਦੇ ਹਾਂ।

(2) ਇਸ ਨਾਲ ਸ਼ਬਦਾਂ ਦੇ ਅੱਖਰ ਠੀਕ ਕਰਾਉਣ ਵਿਚ ਮਦਦ ਮਿਲਦੀ ਹੈ।

(3) ਇਹ ਸਿਖਿਆਰਥੀਆਂ ਨੂੰ ਅਸਲ ਜੀਵਨ ਦੀਆਂ ਕਿਰਿਆਵਾਂ ਨਾਲ ਸ਼ਬਦਾਂ ਨੂੰ ਸੰਬੰਧਤ ਕਰਨ ਵਿਚ ਮਦਦ ਕਰਦਾ ਹੈ ਤੇ ਉਹ ਆਪਣੀ ਭਾਸ਼ਾ ਵਿਚ ਬੋਲਦੇ ਹਨ।

(4) ਯੁਵਾ ਸਿਖਿਆਰਥੀ ਕਲਪਨਾ ਕਰਨ ਦੇ ਯੋਗ ਨਹੀਂ ਹੁੰਦੇ ਇਸ ਲਈ ਠੋਸ ਕਿਰਿਆ ਬਿਹਤਰ ਸਿਖਲਾਈ ਵਿਚ ਸਹਾਇਕ ਹੁੰਦੀ ਹੈ।

149. ਭਾਸ਼ਾ ਦੇ ਪਾਠਕ੍ਰਮ ਵਿਚ ਸਾਹਿਤ ਨੂੰ ਸ਼ਾਮਲ ਕਰਨਾ ਚਾਹੀਦਾ ਹੈ ਕਿਉਂ ਕਿ _____

(1) ਇਹ ਪ੍ਰਮਾਣਿਕ ਭਾਸ਼ਾ ਦੇ ਅਧਿਐਨ ਤੇ ਅਧਿਆਪਨ ਦਾ ਮਾਧਿਅਮ ਹੈ।

(2) ਇਹ ਸਿਖਿਆਰਥੀ ਨੂੰ ਆਲੋਚਨਾਤਮਕ ਬਣਨ ਦੇ ਯੋਗ ਬਨਾਉਣ ਵਿਚ ਮਦਦ ਕਰਦਾ ਹੈ।

(3) ਇਹ ਵਿਦਿਆਰਤੀਆਂ ਤੋਂ ਪਾਠਕ੍ਰਮ ਦਾ ਬੋਝ ਘਟਾਉਣ ਵਿਚ ਸਹਾਇਤਾ ਕਰਦਾ ਹੈ।

(4) ਇਹ ਵਿਦਿਆਰੱਥੀਆਂ ਦੀ ਨਵੇਂ ਸ਼ਬਦਾਂ ਨੂੰ ਸਿੱਖਣ ਵਿਚ ਸਹਾਇਤਾ ਕਰਦਾ ਹੈ।

150. ਇਕ ਭਾਸ਼ਾ ਦੀ ਜਮਾਤ ਵਿਚ ਕਹਾਣੀ ਦਾ ਪਾਠ ਇਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ, ਕਿਉਂ ਕਿ ਇਹ

(1) ਸਦਾਚਾਰ ਸਿਖਾਉਂਦਾ ਹੈ।

(2) ਮਨੋਰੰਜਨ ਦਾ ਇਕ ਚੰਗਾ ਸਾਧਨ ਹੈ।

(3) ਅਧਿਆਪਕ ਨੂੰ ਆਰਾਮ ਦੇਣ ਵਿਚ ਸਹਾਇਕ ਹੈ।

(4) ਭਾਸ਼ਾ ਨੂੰ ਇਕ ਸਮੁੱਚ ਵਿਚ ਪੇਸ਼ ਕਰਦਾ ਹੈ।

**SPACE FOR ROUGH WORK**

**SPACE FOR ROUGH WORK**

**ਹੇਠ ਲਿਖੀਆਂ ਹਿਦਾਇਤਾਂ ਧਿਆਨ ਨਾਲ ਪੜ੍ਹੋ** :

1. ਵੱਖੋ-ਵੱਖਰੇ ਪ੍ਰਸ਼ਨਾ ਦੇ ਉੱਤਰ ਦੇਣ ਦੇ ਢੰਗ-ਤਰੀਕੇ ਟੈਸੱਟ ਬੁਕਲਿਟ ਵਿਚ ਵਿਸਤਾਰਪੂਰਵਕ ਦਿੱਤੇ ਗਏ ਹਨ । ਅਮਲੀ ਰੂਪ ਵਿਚ ਪ੍ਰਸ਼ਨਾ ਦੇ ਉੱਤਰ ਦੇਣ ਤੋਂ ਪਹਿਲਾਂ ਇਨ੍ਹਾਂ ਨੂੰ ਧਿਆਨ ਨਾਲ ਪੜ੍ਹੋ ।
2. ਹਰੇਕ ਪ੍ਰਸ਼ਨ ਲਈ ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਸਹੀ ਉੱਤਰ ਲਈ ਓ.ਐੱਮ.ਆਰ. (OMR) ਉੱਤਰ-ਪੱਤਰ ਦੇ ਪੰਨਾ-2 ਵਿੱਚ ਇੱਕ ਗੋਲੇ ਨੂੰ ਹੀ ਪੂਰੀ ਤਰ੍ਹਾਂ **ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਨਾਲ ਭਰੋ । ਇੱਕ ਵਾਰ ਉੱਤਰ ਭਰਨ ਤੋਂ ਬਾਅਦ ਉਸਨੂੰ ਬਦਲਿਆ ਨਹੀਂ ਜਾ ਸਕਦਾ ।
3. ਪਰੀਖਿਆਰਥੀ ਇਸ ਗੱਲ ਦਾ ਧਿਆਨ ਦੇਣ ਕਿ ਉੱਤਰ-ਪੱਤਰ ਨੂੰ ਨਾ ਮੋੜਿਆ ਜਾਵੇ ਅਤੇ ਨਾ ਹੀ ਉਸ ਉਪਰ ਕੋਈ ਨਿਸ਼ਾਨ ਲਗਾਇਆ ਜਾਵੇ । ਪਰੀਖਿਆਰਥੀ ਆਪਣਾ ਰੋਲ ਨੰਬਰ ਉੱਤਰ-ਪੱਤਰ ਵਿੱਚ ਨਿਰਧਾਰਿਤ ਥਾਂ ਤੋਂ ਇਲਾਵਾ ਕਿਤੇ ਨਾ ਲਿਖਣ ।
4. ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੀ ਵਰਤੋਂ ਧਿਆਨ ਨਾਲ ਕਰੋ, ਕਿਉਂਕਿ ਕਿਸੀ ਵੀ ਪਰਿਸਥਿਤੀ ਵਿੱਚ (ਕੇਵਲ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੇ ਕੋਡ ਅਤੇ ਨੰਬਰ ਵਿੱਚ ਫ਼ਰਕ ਹੋਣ ਦੀ ਸਥਿਤੀ ਵਿੱਚ) ਦੂਜੀ ਪਰੀਖਿਆ-ਪੁਸਤਿਕਾ ਨਹੀਂ ਦਿੱਤੀ ਜਾਵੇਗੀ ।
5. ਪਰੀਖਿਆ-ਪੁਸਤਿਕਾ/ਉੱਤਰ-ਪੱਤਰ ਵਿੱਚ ਦਿੱਤੇ ਗਏ ਪਰੀਖਿਆ ਪੁਸਤਿਕਾ-ਸੰਕੇਤ ਅਤੇ ਨੰਬਰ ਨੂੰ ਪਰੀਖਿਆਰਥੀ ਸਹੀ ਤਰੀਕੇ ਨਾਲ ਹਾਜਰੀ-ਪੱਤਰ ਵਿੱਚ ਲਿਖਣ ।
6. ਮਸ਼ੀਨ OMR ਸ਼ੀਟ ਵਿਚ ਦਿੱਤੀ ਗਈ ਸੂਚਨਾ ਦੇ ਕੋਡਾਂ ਨੂੰ ਪੜ੍ਹੇਗੀ । ਇਸ ਲਈ ਕੋਈ ਵੀ ਜਾਣਕਾਰੀ ਅਧੂਰੀ ਨਹੀਂ ਰਹਿਣੀ ਚਾਹੀਦੀ । ਇਹ ਐਡਮਿਟ ਕਾਰਡ (ਦਾਖ਼ਲਾ ਕਾਰਡ) ਵਿਚ ਦਿੱਤੀ ਗਈ ਸੂਚਨਾ ਤੋਂ ਭਿੰਨ ਨਹੀਂ ਹੋਣੀ ਚਾਹੀਦੀ ।
7. ਪਰੀਖਿਆਰਥੀ ਦੁਆਰਾ ਪਰੀਖਿਆ ਹਾਲ/ਕਮਰੇ ਵਿੱਚ ਪ੍ਰਵੇਸ਼ ਕਾਰਡ ਤੋਂ ਇਲਾਵਾ ਕਿਸੀ ਪ੍ਰਕਾਰ ਦੀ ਪਾਠ-ਸਮੱਗਰੀ, ਪ੍ਰਿੰਟਿਡ ਜਾਂ ਹੱਥ ਲਿਖਤ, ਕਾਗਜ਼ ਦੀਆਂ ਪਰਚੀਆਂ, ਪੇਜਰ, ਮੋਬਾਇਲ ਫੋਨ, ਇਲੈਕਟ੍ਰਾਨਿਕ ਯੰਤਰ ਜਾਂ ਕਿਸੀ ਹੋਰ ਪ੍ਰਕਾਰ ਦੀ ਸਮੱਗਰੀ ਨੂੰ ਲਿਜਾਣ ਦੀ ਜਾਂ ਵਰਤਣ ਦੀ ਇਜਾਜ਼ਤ ਨਹੀਂ ਹੈ ।
8. ਮੋਬਾਈਲ ਫ਼ੋਨ, ਬਿਨਾ ਤਾਰ ਵਾਲੇ ਸੰਚਾਰ ਜੰਤਰ (ਇਥੋਂ ਤਕ ਕਿ ਬੰਦ ਹਾਲਤ ਵਿਚ ਵੀ) ਤੇ ਹੋਰ ਪਾਬੰਦੀਸ਼ੁਦਾ ਵਸਤਾਂ ਪ੍ਰੀਖਿਆ ਕੇਂਦਰ ਜਾ ਕਮਰਿਆਂ ਵਿਚ ਨਹੀਂ ਲਿਆਉਣੀਆਂ ਚਾਹੀਦੀਆਂ । ਇਸ ਨਿਰਦੇਸ਼ ਦਾ ਪਾਲਣ ਨਾ ਕਰਨ ਦੀ ਸੂਰਤ ਵਿਚ ਇਸ ਨੂੰ ਇਮਿਤਿਹਾਨ ਵਿਚ ਗੈਰ ਕਾਨੂੰਨੀ ਸਾਧਨਾਂ ਦੀ ਵਰਤੋਂ ਮੰਨਿਆਂ ਜਾਵੇਗਾ ਤੇ ਪ੍ਰੀਖਿਆ ਰਦ ਕਰਨ ਸਮੇਤ ਸੰਬੰਧਤ ਉਮੀਦਵਾਰ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ ।
9. ਨਿਰੀਖਿਅਕ ਦੀ ਮੰਗ 'ਤੇ ਹਰੇਕ ਪਰੀਖਿਆਰਥੀ ਆਪਣਾ ਪ੍ਰਵੇਸ਼-ਕਾਰਡ ਜ਼ਰੂਰ ਦਿਖਾਏ ।
10. ਕੇਂਦਰ ਸੁਪਰਿਨਟੈਂਡੈਂਟ ਜਾਂ ਨਿਰੀਖਿਅਕ ਦੀ ਖਾਸ ਇਜਾਜ਼ਤ ਤੋਂ ਬਿਨਾਂ ਪਰੀਖਿਆਰਥੀ ਆਪਣੀ ਸੀਟ ਨਾ ਛੱਡੇ ।
11. ਨਿਰੀਖਿਅਕ ਨੂੰ ਆਪਣਾ ਉੱਤਰ-ਪੱਤਰ ਦਿੱਤੇ ਬਿਨਾਂ ਅਤੇ ਹਾਜ਼ਰੀ-ਪੱਤਰ ਉੱਤੇ ਦੁਬਾਰਾ ਦਸਖ਼ਤ ਕੀਤੇ ਬਿਨਾਂ ਪਰੀਖਿਆਰਥੀ, ਪਰੀਖਿਆ ਹਾਲ ਨੂੰ ਨਹੀਂ ਛੱਡਣਗੇ । ਜੇਕਰ ਕਿਸੀ ਪਰੀਖਿਆਰਥੀ ਨੇ ਦੂਜੀ ਬਾਰ ਹਾਜ਼ਰੀ-ਪੱਤਰ ਉੱਤੇ ਦਸਖ਼ਤ ਨਹੀਂ ਕੀਤੇ ਤਾਂ ਇਹ ਸਮਝਿਆ ਜਾਵੇਗਾ ਕਿ ਉਸਨੇ ਉੱਤਰ ਪੱਤਰ ਜਮ੍ਹਾ ਨਹੀਂ ਕਰਾਇਆ ਅਤੇ ਇਹ ਅਨੁਚਿਤ ਸਾਧਨ ਦਾ ਮਾਮਲਾ ਮੰਨਿਆ ਜਾਵੇਗਾ ।
12. ਇਲੈਕਟ੍ਰਾਨਿਕ/ਹੱਥ ਨਾਲ ਚੱਲਣ ਵਾਲੇ ਕੈਲਕੁਲੇਟਰ ਦਾ ਇਸਤੇਮਾਲ ਵਰਜਿਤ ਹੈ ।
13. ਪਰੀਖਿਆਰਥੀ ਪਰੀਖਿਆ ਹਾਲ ਵਿੱਚ ਬੋਰਡ ਦੇ ਸਾਰੇ ਨਿਯਮਾਂ, ਕਾਨੂੰਨਾ ਦੀ ਪਾਲਨਾ ਕਰੇਗਾ । ਅਨੁਚਿਤ ਸਾਧਨਾਂ ਦੇ ਸਾਰੇ ਮਾਮਲਿਆਂ ਲਈ ਫੈਸਲਾ ਬੋਰਡ ਦੇ ਨਿਯਮਾਂ ਕਾਨੂੰਨਾਂ ਅਨੁਸਾਰ ਹੋਵੇਗਾ ।
14. ਕਿਸੇ ਵੀ ਸਥਿਤੀ ਵਿੱਚ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦਾ ਕੋਈ ਭਾਗ ਅਲਗ ਨਾ ਕਰੋ ।
15. **ਪਰੀਖਿਆ ਖ਼ਤਮ ਹੋਣ 'ਤੇ, ਪਰੀਖਿਆਰਥੀ ਹਾਲ/ਕਮਰਾ ਛੱਡਣ ਤੋਂ ਪਹਿਲਾਂ ਆਪਣਾ ਉੱਤਰ-ਪੱਤਰ ਆਪਣੇ ਕਮਰੇ ਦੇ ਨਿਰੀਖਿਅਕ ਨੂੰ ਸੌਂਪੇਗਾ । ਪਰੀਖਿਆਰਥੀ ਇਸ ਪਰੀਖਿਆ-ਪੁਸਤਿਕਾ ਨੂੰ ਆਪਣੇ ਨਾਲ ਲਿਜਾ ਸਕਦੇ ਹਨ ।**

**निम्नलिखित निर्देशों को ध्यान से पढ़ें :**

1. जिस प्रकार से विभिन्न प्रश्नों के उत्तर दिए जाने हैं उसका वर्णन परीक्षा पुस्तिका में किया गया है, जिसे आप प्रश्नों का उत्तर देने से पहले ध्यान से पढ़ लें ।
2. प्रत्येक प्रश्न के लिए दिए गए चार विकल्पों में से सही उत्तर के लिए OMR उत्तर पत्र के **पृष्ठ-2** पर केवल एक वृत्त को ही पूरी तरह **काले/नीले बॉल पॉइन्ट पेन** से भरें । एक बार उत्तर अंकित करने के बाद उसे बदला नहीं जा सकता है ।
3. परीक्षार्थी सुनिश्चित करें कि इस उत्तर पत्र को मोड़ा न जाए एवं उस पर कोई अन्य निशान न लगाएँ । परीक्षार्थी अपना अनुक्रमांक उत्तर-पत्र में निर्धारित स्थान के अतिरिक्त अन्यत्र न लिखें ।
4. परीक्षा पुस्तिका एवं उत्तर पत्र का ध्यानपूर्वक प्रयोग करें, क्योंकि किसी भी परिस्थिति में (केवल परीक्षा पुस्तिका एवं उत्तर पत्र के संकेत या संख्या में भिन्नता की स्थिति को छोड़कर) दूसरी परीक्षा पुस्तिका उपलब्ध नहीं करायी जाएगी ।
5. परीक्षा पुस्तिका / उत्तर पत्र में दिए गए परीक्षा पुस्तिका संकेत व संख्या को परीक्षार्थी सही तरीके से हाज़िरी-पत्र में लिखें ।
6. OMR उत्तर पत्र में कोडित जानकारी को एक मशीन पढ़ेगी । इसलिए कोई भी सूचना अधूरी न छोड़ें और यह प्रवेश-पत्र में दी गई सूचना से भिन्न नहीं होनी चाहिए ।
7. परीक्षार्थी द्वारा परीक्षा हॉल/कक्ष में प्रवेश-पत्र के सिवाय किसी प्रकार की पाठ्य-सामग्री, मुद्रित या हस्तलिखित, कागज़ की पर्चियाँ, पेजर, मोबाइल फोन, इलेक्ट्रॉनिक उपकरण या किसी अन्य प्रकार की सामग्री को ले जाने या उपयोग करने की अनुमति नहीं है ।
8. मोबाइल फोन, बेतार संचार युक्तियाँ (स्वीच ऑफ अवस्था में भी) और अन्य प्रतिबंधित वस्तुएँ परीक्षा हॉल/कक्ष में नहीं लाई जानी चाहिए । इस सूचना का पालन न होने पर इसे परीक्षा में अनुचित साधनों का प्रयोग माना जाएगा और उनके विरुद्ध कार्यवाही की जाएगी, परीक्षा रद्द करने सहित ।
9. पूछे जाने पर प्रत्येक परीक्षार्थी, निरीक्षक को अपना प्रवेश-पत्र दिखाएँ ।
10. केन्द्र अधीक्षक या निरीक्षक की विशेष अनुमति के बिना कोई परीक्षार्थी अपना स्थान न छोड़ें ।
11. कार्यरत निरीक्षक को अपना उत्तर पत्र दिए बिना एवं हाज़िरी-पत्र पर दुबारा हस्ताक्षर किए बिना परीक्षार्थी परीक्षा हॉल/कक्ष नहीं छोड़ेंगे । यदि किसी परीक्षार्थी ने दूसरी बार हाज़िरी-पत्र पर हस्ताक्षर नहीं किए, तो यह माना जाएगा कि उसने उत्तर पत्र नहीं लौटाया है और यह अनुचित साधन का मामला माना जाएगा । **परीक्षार्थी अपने बाएँ हाथ के अंगूठे का निशान हाज़िरी-पत्र में दिए गए स्थान पर अवश्य लगाएँ ।**
12. इलेक्ट्रॉनिक / हस्तचालित परिकलक का उपयोग वर्जित है ।
13. परीक्षा हॉल/कक्ष में आचरण के लिए परीक्षार्थी बोर्ड के सभी नियमों एवं विनियमों द्वारा नियमित हैं । अनुचित साधनों के सभी मामलों का फैसला बोर्ड के नियमों एवं विनियमों के अनुसार होगा ।
14. किसी हालत में परीक्षा पुस्तिका और उत्तर पत्र का कोई भाग अलग न करें ।
15. **परीक्षा सम्पन्न होने पर, परीक्षार्थी हॉल / कक्ष छोड़ने से पूर्व उत्तर पत्र कक्ष-निरीक्षक को अवश्य सौंप दें । परीक्षार्थी अपने साथ इस परीक्षा पुस्तिका को ले जा सकते हैं ।**

**READ THE FOLLOWING INSTRUCTIONS CAREFULLY:**

1. The manner in which the different questions are to be answered has been explained in the Test Booklet which you should read carefully before actually answering the questions.
2. Out of the four alternatives for each question, only one circle for the correct answer is to be darkened completely with **Black/Blue Ball Point Pen** on **Side-2** of the OMR Answer Sheet. The answer once marked is not liable to be changed.
3. The candidates should ensure that the Answer Sheet is not folded. Do not make any stray marks on the Answer Sheet. Do not write your Roll No. anywhere else except in the specified space in the Answer Sheet.
4. Handle the Test Booklet and Answer Sheet with care, as under no circumstances (except for discrepancy in Test Booklet Code or Number and Answer Sheet Code or Number), another set will be provided.
5. The candidates will write the correct Test Booklet Code and Number as given in the Test Booklet / Answer Sheet in the Attendance Sheet.
6. A machine will read the coded information in the OMR Answer Sheet. Hence, no information should be left incomplete and it should not be different from the information given in the Admit Card.
7. Candidates are not allowed to carry any textual material, printed or written, bits of papers, pager, mobile phone, electronic device or any other material except the Admit Card inside the examination hall/ room.
8. Mobile phones, wireless communication devices (even in switched off mode) and the other banned items should not be brought in the examination halls/ rooms. Failing to comply with this instruction, it will be considered as using unfair means in the examination and action will be taken against them including cancellation of examination.
9. Each candidate must show on demand his / her Admit Card to the Invigilator.
10. No candidate, without special permission of the Centre Superintendent or Invigilator, should leave his / her seat.
11. The candidates should not leave the Examination Hall/ Room without handing over their Answer Sheet to the Invigilator on duty and sign the Attendance Sheet twice. Cases where a candidate has not signed the Attendance Sheet second time will be deemed not to have handed over the Answer Sheet and dealt with as an unfair means case. **The candidates are also required to put their left hand THUMB impression in the space provided in the Attendance Sheet.**
12. Use of Electronic / Manual Calculator is prohibited.
13. The candidates are governed by all Rules and Regulations of the Board with regard to their conduct in the Examination Hall/Room. All cases of unfair means will be dealt with as per Rules and Regulations of the Board.
14. No part of the Test Booklet and Answer Sheet shall be detached under any circumstances.
15. **On completion of the test, the candidate must hand over the Answer Sheet to the Invigilator in the Hall / Room.** ***The candidates are allowed to take away this Test Booklet with them.***